Region of Peel
Working for you

*The Region of Peel is the proud recipient of the National Quality Institute Order of Excellence, Quality; the National Quality Institute Canada Award of Excellence Gold Award, Healthy Workplace; and a 2008 IPAC/Deloitte Public Sector Leadership Gold Award.*

ਪਿਆਰੇ ਕਲਾਇੰਟ,

ਤੁਹਾਨੂੰ ਸਿਟਿਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਕੈਨੇਡਾ (CIC) ਦੁਆਰਾ ਗੈਰ-ਸਰਗਰਮ ਤਪਦਿਕ (ਟੀ ਬੀ) ਲਈ ਡਾਕਟਰੀ ਨਿਗਰਾਨੀ ਹੇਠ ਰੱਖਿਆ ਗਿਆ ਹੈ।

ਇਸ ਸਮੇਂ, ਤੁਹਾਡੀ ਪਹਿਲਾਂ ਹੀ ਟੀ ਬੀ ਪ੍ਰੋਗਰਾਮ ਵਿੱਚ ਕਿਸੇ ਪਬਲਿਕ ਹੈਲਥ ਨਰਸ ਨਾਲ ਗੱਲ ਹੋ ਗਈ ਹੋਵੇਗੀ ਜਿਸ ਨੇ ਤੁਹਾਨੂੰ ਹੇਠ ਲਿਖੇ ਕੰਮ ਕਰਨ ਲਈ ਹਿਦਾਇਤ ਦਿੱਤੀ ਹੈ:

1. **ਡਾਕਟਰ ਕੋਲ ਕਦੋਂ ਜਾਣਾ ਹੈ:**

   - ਜੇ ਤੁਸੀਂ ਓਨਟਾਰਿਓ ਹੈਲਥ ਇੰਸ਼ੋਰੈਂਸ ਪਲਾਨ (OHIP) ਲਈ ਯੋਗ ਹੋ, ਤਾਂ ਤੁਸੀਂ ਕਿਸੇ ਡਾਕਟਰ ਨਾਲ ਅਪੌਇੰਟਮੈਂਟ ਲੈਣ ਤੋਂ ਪਹਿਲਾਂ, ਆਪਣਾ OHIP ਕਾਰਡ ਮਿਲਣ ਤੱਕ ਲੱਗਣ ਵਾਲੇ 90 ਦਿਨ ਇੰਤਜਾਰ ਕਰ ਸਕਦੇ ਹੋ। ਕਿਰਪਾ ਕਰਕੇ ਡਾਕਟਰ ਕੋਲੋਂ ਇਸ ਪੈਕੇਜ ਵਿੱਚਲੀ ਫਿਜ਼ਿਸ਼ਨ ਰਿਪੋਰਟ ਨੂੰ ਭਰਵਾਓ।

   - ਜੇ ਤੁਸੀਂ ਓਨਟਾਰਿਓ ਹੈਲਥ ਇੰਸ਼ੋਰੈਂਸ ਪਲਾਨ (OHIP) ਲਈ ਯੋਗ *ਨਹੀਂ ਹੋ,* ਤਾਂ ਜਿੰਨੀ ਜਲਦੀ ਹੋ ਸਕੇ ਡਾਕਟਰ ਨਾਲ ਅਪੌਇੰਟਮੈਂਟ ਲਓ। ਕਿਰਪਾ ਕਰਕੇ ਡਾਕਟਰ ਕੋਲੋਂ ਇਸ ਪੈਕੇਜ ਵਿੱਚਲੀ ਫਿਜ਼ਿਸ਼ਨ ਰਿਪੋਰਟ ਨੂੰ ਭਰਵਾਓ। ਤੁਹਾਨੂੰ ਇਸ ਅਪੌਇੰਟਮੈਂਟ ਲਈ ਭੁਗਤਾਨ ਕਰਨਾ ਪਵੇਗਾ।

     - ਜੇ ਤੁਹਾਡੀ CIC ਚਿੱਠੀ ਉੱਤੇ **urgent (ਤੁਰੰਤ ਧਿਆਨ ਦੇਣ ਯੋਗ)** ਦੀ ਮੋਹਰ ਲੱਗੀ ਹੈ ਜਾਂ ਤੁਸੀਂ ਤਪਦਿਕ ਦੇ ਲੱਛਣਾਂ ਦਾ ਅਨੁਭਵ ਕਰ ਰਹੇ ਹੋ, ਜਿੰਨ੍ਹਾਂ ਵਿੱਚ ਰਾਤ ਨੂੰ ਪਸੀਨੇ ਆਉਣਾ, ਬੁਖਾਰ, ਖਾਂਸੀ ਜਾਂ ਖਾਂਸੀ ਨਾਲ ਖ਼ੂਨ ਨਿਕਲਣਾ ਸ਼ਾਮਲ ਹੋ ਸਕਦੇ ਹਨ, ਤਾਂ ਪੀਲ ਪਬਲਿਕ ਹੈਲਥ ਨੂੰ ਫੋਨ ਕਰੋ ਅਤੇ **ਤੁਰੰਤ ਹੀ** ਇਸ ਪੈਕੇਜ ਦੇ ਨਾਲ ਡਾਕਟਰ ਕੋਲ ਜਾਓ। ਤੁਹਾਨੂੰ ਇਸ ਅਪੌਇੰਟਮੈਂਟ ਲਈ ਭੁਗਤਾਨ ਕਰਨਾ ਪਵੇਗਾ।

2. **ਡਾਕਟਰ ਕੋਲ ਜਾਣ ਤੋਂ ਬਾਅਦ ਤੁਸੀਂ ਕੀ ਕਰਨਾ ਹੈ:**

   - ਸਾਰੇ ਦਸਤਾਵੇਜਾਂ ਦੀ ਕਾਪੀ ਰੱਖੋ
   - ਛੇ ਮਹੀਨਿਆਂ ਦੇ ਅੰਦਰ ਪੂਰੀ ਕੀਤੀ ਗਈ ਫਿਜ਼ਿਸ਼ਨ ਰਿਪੋਰਟ ਭੇਜੋ ਨਹੀਂ ਤਾਂ CIC ਨੂੰ ਸੂਚਤ ਕਰ ਦਿੱਤਾ ਜਾਵੇਗਾ ਅਤੇ ਤੁਹਾਡੀ ਫਾਇਲ ਬੰਦ ਕਰ ਦਿੱਤੀ ਜਾਵੇਗੀ। ਫੈਕਸ ਜਾਂ ਡਾਕ ਰਾਹੀਂ ਭੇਜੋ:

**ਫੈਕਸ** 905-565-8428

**ਡਾਕ** Peel Public Health, TB Control Program 5th Floor

7120 Hurontario St.
PO Box 630 ROP Streetsville
Mississauga, ON L5M 2C1

ਜੇ ਤੁਹਾਡਾ ਘਰ ਦਾ ਪਤਾ ਬਦਲ ਗਿਆ ਹੈ ਜਾਂ ਤੁਸੀਂ ਓਨਟਾਰਿਓ ਛੱਡ ਕੇ ਚਲੇ ਜਾਂਦੇ ਹੋ, ਤਾਂ ਪੀਲ ਪਬਲਿਕ ਹੈਲਥ ਨਾਲ 905-791-7800, ਐਕਸਟੇਨਸ਼ਨ 2796 ਉੱਤੇ ਸੰਪਰਕ ਕਰੋ। ਆਪਣੇ ਕੋਈ ਵੀ ਸਵਾਲਾਂ ਦੇ ਜਵਾਬ ਲਈ ਇਸ ਪੈਕੇਜ ਵਿੱਚ ਸ਼ਾਮਲ **ਪ੍ਰਸ਼ਨ ਪੱਤਰੀ** ਦੇਖੋ ਜਾਂ **peel-stoptb.ca** ਤੇ ਜਾਓ।

ਸੱਚੇ ਦਿਲੋਂ,

ਪੀਲ ਪਬਲਿਕ ਹੈਲਥ
ਟੀ ਬੀ ਕੰਟਰੋਲ ਪ੍ਰੋਗਰਾਮ